ਮਿੱਠੇ ਬੱਚੇ:- "ਮਿੱਠੇ ਬੱਚੇ:- ਤੁਸੀਂ ਰਾਜ ਰਿਸ਼ੀ ਹੋ ਤੁਸੀਂ ਰਾਜਾਈ ਪਾਉਣ ਲਈ ਪੁਰਸ਼ਾਰਥ ਕਰਨਾ ਹੈ, ਨਾਲ-ਨਾਲ ਦੈਵੀ ਗੁਣ ਵੀ ਧਾਰਨ ਕਰਨੇ ਹਨ।"

ਪ੍ਰਸ਼ਨ:- ਉਤੱਮ ਪੁਰਖ ਬਣਨ ਦੇ ਲਈ ਪੁਰਸ਼ਾਰਥ ਕੀ ਹੈ? ਕਿਹੜੀ ਗੱਲ ਤੇ ਬੜੀ ਅਟੈਂਨਸ਼ਨ ਚਾਹੀਦੀ ਹੈ?

ਉੱਤਰ:- ਉਤੱਮ ਪੁਰਖ ਬਣਨਾ ਹੈ ਤਾਂ ਪੜ੍ਹਾਈ ਨਾਲ ਕਦੇ ਰੁੱਸਣਾ ਨਹੀਂ ਹੈ। ਪੜ੍ਹਾਈ ਦਾ ਲੜਾਈ-ਝਗੜੇ ਨਾਲ ਕੋਈ ਸੰਬੰਧ ਨਹੀਂ ਹੈ। ਪੜ੍ਹਾਂਗੇ-ਲਿਖਾਂਗੇ ਹੋਵਾਂਗੇ ਨਵਾਬ.. ਇਸ ਲਈ ਸਦਾ ਆਪਣੀ ਉਨੱਤੀ ਦਾ ਖਿਆਲ ਰਹੇ। ਚਲਣ ਤੇ ਬੜੀ ਅਟੈਂਨਸ਼ਨ (ਧਿਆਨ) ਚਾਹੀਦਾ ਹੈ। ਦੇਵਤਿਆਂ ਵਰਗਾ ਬਣਨਾ ਹੈ ਤਾਂ ਚਲਣ ਬੜੀ ਰੌਇੱਲ ਚਾਹੀਦੀ ਹੈ। ਬਹੁਤ-ਬਹੁਤ ਮਿੱਠਾ ਬਣਨਾ ਹੈ। ਮੂੰਹ ਤੋਂ ਅਜਿਹੇ ਬੋਲ ਨਿਕਲਣ ਜੋ ਸਭ ਨੂੰ ਮਿੱਠੇ ਲੱਗਣ। ਕਿਸੇ ਨੂੰ ਦੁੱਖ ਨਾ ਹੋਵੇ।

ਓਮ ਸ਼ਾਂਤੀ ਮਿੱਠੇ-ਮਿੱਠੇ ਬੱਚਿਆਂ ਪ੍ਰਤੀ ਬਾਪ ਬੈਠ ਸਮਝਾਉਂਦੇ ਹਨ ਅਤੇ ਪੁੱਛਦੇ ਹਨ ਤੁਹਾਡੀ ਬੁੱਧੀ ਦਾ ਠਿਕਾਣਾ ਕਿੱਥੇ ਹੈ? ਮਨੁੱਖਾਂ ਦੀ ਬੁੱਧੀ ਤਾਂ ਭਟਕਦੀ ਹੈ, ਕਦੀ ਕਿੱਥੇ ਤੇ ਕਦੀ ਕਿੱਥੇ। ਬਾਪ ਸਮਝਾਉਂਦੇ ਹਨ ਤੁਹਾਡੀ ਬੁੱਧੀ ਦਾ ਭਟਕਨਾ ਬੰਦ। ਬੁੱਧੀ ਨੂੰ ਇੱਕ ਹੀ ਟਿਕਾਣੇ ਤੇ ਲਾਓ। ਬੇਹੱਦ ਦੇ ਬਾਪ ਨੂੰ ਹੀ ਯਾਦ ਕਰੋ ਇਹ ਤਾਂ ਰੂਹਾਨੀ ਬੱਚੇ ਜਾਣਦੇ ਹਨ ਕਿ ਹੁਣ ਸਾਰੀ ਦੁਨੀਆਂ ਤਮੋਪ੍ਰਧਾਨ ਹੈ ਆਤਮਾਵਾਂ ਹੀ ਸਤੋਪ੍ਰਧਾਨ ਸਨ, ਨੰਬਰਵਾਰ ਪੁਰਸ਼ਾਰਥ ਅਨੁਸਾਰ। ਹੁਣ ਤਮੋਪ੍ਰਧਾਨ ਬਣੀਆਂ ਹਨ ਬਾਪ ਕਹਿੰਦੇ ਹਨ ਫਿਰ ਸਤੋਪ੍ਰਧਾਨ ਬਣਨਾ ਹੈ ਇਸ ਲਈ ਆਪਣੀ ਬੁੱਧੀ ਨੂੰ ਬਾਪ ਦੇ ਨਾਲ ਲਾਓ। ਹੁਣ ਵਾਪਸ ਜਾਣਾ ਹੈ ਹੋਰ ਕਿਸੇ ਨੂੰ ਪਤਾ ਵੀ ਨਹੀਂ ਕਿ ਅਸੀਂ ਘਰ ਵਾਪਸ ਜਾਣਾ ਹੈ। ਹੋਰ ਕੋਈ ਵੀ ਨਹੀਂ ਹੋਵੇਗਾ ਜਿਸ ਨੂੰ ਡਰੈਕਸ਼ਨ ਮਿਲਦੇ ਹੋਣ ਕਿ ਬੱਚੇ ਮੈਨੂੰ ਬਾਪ ਨੂੰ ਯਾਦ ਕਰੋ। ਕਿੰਨੀ ਸੌਖੀ ਗੱਲ ਸਮਝਾਉਂਦੇ ਹਨ। ਸਿਰਫ ਬਾਪ ਨੂੰ ਯਾਦ ਕਰੋ ਤਾਂ ਤੁਹਾਡੇ ਵਿਕਰਮ ਵਿਨਾਸ਼ ਹੋ ਜਾਣਗੇ ਅਤੇ ਹੋਰ ਕੋਈ ਇਵੇਂ ਸਮਝਾ ਨਾ ਸਕੇ, ਬਾਪ ਹੀ ਸਮਝਾਉਂਦੇ ਹਨ। ਜਿਸ ਵਿੱਚ ਪਰਵੇਸ਼ ਕੀਤਾ ਉਹ ਵੀ (ਬ੍ਰਹਮਾ) ਸੁਣਦੇ ਹਨ। ਪਤਿਤ ਤੋਂ ਪਾਵਨ ਬਣਨ ਦੀ ਅਤੇ ਉਸ ਉੱਤੇ ਚੱਲਣ ਦੀ ਸਭ ਤੋਂ ਚੰਗੀ ਮੱਤ ਬਾਪ ਹੀ ਦਿੰਦੇ ਹਨ। ਬਾਬਾ ਕਹਿੰਦੇ ਹਨ ਬੱਚੇ ਤੁਸੀਂ ਹੀ ਸਤੋਪ੍ਰਧਾਨ ਸੀ ਹੁਣ ਫੇਰ ਬਣਨਾ ਹੈ। ਤੁਸੀਂ ਹੀ ਆਦਿ ਸਨਾਤਮ ਦੇਵੀ ਦੇਵਤਾ ਧਰਮ ਦੇ ਸੀ ਫਿਰ 84 ਜਨਮ ਭੋਗ ਕੌਡੀ ਮਿਸਲ ਬਣ ਗਏ ਹੋ ਤੁਸੀਂ ਹੀਰੇ ਮਿਸਲ ਸੀ ਹੁਣ ਫਿਰ ਬਣਨਾ ਹੈ। ਬਾਬਾ ਬਹੁਤ ਸਿੰਪਲ ਗੱਲ ਸੁਣਾਉਂਦੇ ਹਨ ਕਿ ਆਪਣੇ ਨੂੰ ਆਤਮਾ ਸਮਝੋ। ਆਤਮਾਵਾਂ ਨੇ ਹੀ ਵਾਪਸ ਜਾਣਾ ਹੈ ਸ਼ਰੀਰ ਤਾਂ ਨਹੀਂ ਜਾਣਗੇ। ਬਾਪ ਦੇ ਕੋਲ ਖੁਸ਼ੀ ਨਾਲ ਜਾਣਾ ਹੈ। ਬਾਪ ਜੋ ਸ਼੍ਰੀਮਤ ਦਿੰਦੇ ਹਨ, ਉਸ ਨਾਲ ਹੀ ਤੁਸੀਂ ਸ਼੍ਰੇਸ਼ਠ ਬਣੋਗੇ। ਪਵਿੱਤਰ ਆਤਮਾਵਾਂ ਮੂਲਵਤਨ ਵਿੱਚ ਜਾਕੇ ਫਿਰ ਆਉਣਗੀਆਂ ਅਤੇ ਨਵਾਂ ਸ਼ਰੀਰ ਲੈਣਗੀਆਂ। ਇਹ ਤਾਂ ਨਿਸ਼ਚੇ ਹੈ ਨਾ, ਤਾਂ ਫੇਰ ਓਹ ਹੀ ਤਾਤ ਲੱਗੀ ਰਹੇ। ਦੈਵੀਗੁਣ ਵੀ ਧਾਰਨ ਕਰਨੇ ਹਨ ਤਾਂ ਬਹੁਤ ਫਾਇਦਾ ਹੋਵੇਗਾ। ਸਟੂਡੈਂਟ ਜੋ ਚੰਗੀ ਪੜ੍ਹਾਈ ਪੜ੍ਹਦੇ ਹਨ ਉਹ ਹੀ ਉੱਚ ਪਦਵੀ ਪਾਉਂਦੇ ਹਨ। ਇਹ ਵੀ ਪੜ੍ਹਾਈ ਹੈ। ਤੁਸੀਂ ਕਲਪ-ਕਲਪ ਇਵੇਂ ਹੀ ਪੜ੍ਹਦੇ ਹੋ। ਬਾਪ ਵੀ ਕਲਪ-ਕਲਪ ਇਵੇਂ ਹੀ ਪੜ੍ਹਾਉਂਦੇ ਹਨ। ਜੋ ਟਾਈਮ ਪਾਸ ਹੋਇਆ ਉਹ ਡਰਾਮਾ। ਡਰਾਮਾ ਅਨੁਸਾਰ ਹੀ ਬਾਪ ਦੀ ਅਤੇ ਬੱਚਿਆਂ ਦੀ ਐਕਟ ਚੱਲੀ। ਬਾਬਾ ਸਲਾਹ ਤਾਂ ਠੀਕ ਦਿੰਦੇ ਹਨ ਨਾ। ਬੱਚੇ ਕਹਿੰਦੇ ਹਨ ਬਾਬਾ ਅਸੀਂ ਤੁਹਾਨੂੰ ਘੜੀ-ਘੜੀ ਭੁੱਲ ਜਾਂਦੇ ਹਾਂ। ਇਹ ਹੀ ਤਾਂ ਮਾਇਆ ਦੇ ਤੂਫ਼ਾਨ ਹਨ ਮਾਇਆ ਦੀਵਾ ਬੁਝਾ ਦਿੰਦੀ ਹੈ। ਬਾਪ ਨੂੰ ਸ਼ਮਾ ਵੀ ਕਹਿੰਦੇ ਹਨ, ਸਰਵਸ਼ਕਤੀਮਾਨ ਅਥਾਰਟੀ ਵੀ ਕਹਿੰਦੇ ਹਨ। ਜੋ ਵੀ ਵੇਦ ਸ਼ਾਸਤਰ ਹਨ ਸਭ ਦਾ ਸਾਰ ਦੱਸਦੇ ਹਨ। ਉਹ ਨੋਲਜਫੁੱਲ ਹਨ ਸ੍ਰਿਸ਼ਟੀ ਦੇ ਆਦਿ ਮੱਧ ਅੰਤ ਦਾ ਰਾਜ਼ ਸਮਝਾਉਂਦੇ ਹਨ। ਇਹ ਬ੍ਰਹਮਾ ਬਾਬਾ ਵੀ ਕਹਿਣਗੇ ਸਾਨੂੰ ਬੱਚਿਆਂ ਨੂੰ ਸਮਝਾਉਂਦੇ ਹਨ। ਬਾਪ ਕਹਿਣਗੇ ਤੁਹਾਨੂੰ ਬਚਿਆਂ ਨੂੰ ਸਮਝਾਉਂਦਾ ਹਾਂ। ਉਸ ਵਿੱਚ ਇਹ ਬ੍ਰਹਮਾ ਵੀ ਆ ਜਾਂਦਾ ਹੈ ਇਸ ਵਿਚ ਮੁੰਝਣ ਵਾਲੀ ਕੋਈ ਗੱਲ ਨਹੀਂ ਹੈ, ਇਹ ਹੈ ਬਹੁਤ ਸਹਿਜ ਰਾਜਯੋਗ। ਤੁਸੀਂ ਰਾਜ ਰਿਸ਼ੀ ਹੋ, ਰਿਸ਼ੀ ਪਵਿੱਤਰ ਆਤਮਾ ਨੂੰ ਕਿਹਾ ਜਾਂਦਾ ਹੈ। ਤੁਹਾਡੇ ਵਰਗਾ ਰਿਸ਼ੀ ਤਾਂ ਕੋਈ ਹੋ ਨਾ ਸਕੇ। ਆਤਮਾ ਨੂੰ ਹੀ ਰਿਸ਼ੀ ਕਿਹਾ ਜਾਂਦਾ ਹੈ। ਸ਼ਰੀਰ ਨੂੰ ਨਹੀਂ ਕਹਾਂਗੇ। ਆਤਮਾ ਹੈ ਰਿਸ਼ੀ। ਰਾਜ ਰਿਸ਼ੀ। ਰਾਜ ਕਿਥੋਂ ਲੈਂਦੇ ਹਨ? ਬਾਪ ਤੋਂ। ਤਾਂ ਤੁਹਾਨੂੰ ਬੱਚਿਆਂ ਨੂੰ ਕਿੰਨੀ ਖੁਸ਼ੀ ਰਹਿਣੀ ਚਾਹੀਦੀ ਹੈ। ਅਸੀਂ ਸ਼ਿਵਬਾਬਾ ਤੋਂ ਰਾਜ ਭਾਗ ਲੈ ਰਹੇ ਹਾਂ। ਬਾਪ ਨੇ ਯਾਦ ਦਵਾਇਆ ਹੈ ਕਿ ਤੁਸੀਂ ਵਿਸ਼ਵ ਦੇ ਮਾਲਿਕ ਸੀ, ਫਿਰ ਪੁਨਰਜਨਮ ਲੈਂਦੇ-ਲੈਂਦੇ ਹੇਠਾਂ ਉਤਰਦੇ ਆਏ ਹੋ। ਦੇਵਤਾਵਾਂ ਦੇ ਚਿੱਤਰ ਵੀ ਹਨ। ਮਨੁੱਖ ਸਮਝਦੇ ਹਨ ਇਹ ਜਯੋਤੀ ਜੋਤ ਸਮਾਂ ਗਏ। ਹੁਣ ਬਾਪ ਨੇ ਸਮਝਾਇਆ ਹੈ ਇਕ ਵੀ ਮਨੁੱਖ ਜਯੋਤੀ ਜੋਤ ਨਹੀਂ ਸਮਾਉਂਦਾ। ਕੋਈ ਵੀ ਮੁਕਤੀ ਜੀਵਨ ਮੁਕਤੀ ਪਾ ਨਹੀਂ ਸਕਦੇ। ਤਾਂ ਸਾਰਾ ਦਿਨ ਅੰਦਰ ਵਿਚ ਬੱਚਿਆਂ ਦੇ ਵਿਚਾਰ ਚਲਣੇ ਚਾਹੀਦੇ ਹਨ। ਜਿੰਨਾਂ ਯਾਦ ਵਿੱਚ ਰਹਾਂਗੇ ਉਨੀ ਖੁਸ਼ੀ ਹੋਵੇਗੀ। ਪੜ੍ਹਾਈ ਪੜ੍ਹਾਉਣ ਵਾਲਾ ਦੇਖੋ ਕੌਣ ਹੈ। ਸ਼੍ਰੀਕ੍ਰਿਸ਼ਨ ਨੂੰ ਲਾਰਡ ਕ੍ਰਿਸ਼ਨਾ ਵੀ ਕਹਿੰਦੇ ਹਨ। ਭਗਵਾਨ ਨੂੰ ਕਦੇ ਲਾਰਡ ਨਹੀਂ ਕਹਾਂਗੇ। ਉਨ੍ਹਾਂ ਨੂੰ ਗੌਡ ਫਾਦਰ ਹੀ ਕਹਿੰਦੇ ਹਨ। ਉਹ ਹਨ ਹੇਵਨਲੀ ਗੋਡ ਫਾਦਰ। ਤੁਹਾਨੂੰ ਹੁਣ ਦਿਲ ਤੋ ਲਗਦਾ ਹੈ ਕਿ ਉਹ ਹੀ ਹੇਵਨਲੀ ਗੌਡ ਫਾਦਰ ਮਤਲਬ ਦੈਵੀ ਰਾਜਧਾਨੀ ਸਥਾਪਨ ਕਰ ਰਹੇ ਹਨ। ਸਤਿਯੁਗ ਵਿੱਚ ਦੂਸਰਾ ਕੋਈ ਧਰਮ ਨਹੀਂ ਸੀ। ਚਿੱਤਰ ਵੀ ਇਨ੍ਹਾਂ ਦੇਵਤਿਆਂ ਦੇ ਹਨ, ਉਨ੍ਹਾਂ ਨੂੰ ਹੀ ਆਦਿ ਸਨਾਤਨ ਦੇਵੀ - ਦੇਵਤਾ ਕਿਹਾ ਜਾਂਦਾ ਹੈ। ਇਹ ਵਿਸ਼ਵ ਦੇ ਮਾਲਿਕ ਸਨ। ਉਨ੍ਹਾਂ ਨੂੰ ਕਹਾਂਗੇ ਸਤਿਯੁਗੀ, ਤੁਸੀਂ ਹੋ ਸੰਗਮਯੁਗੀ। ਤੁਸੀਂ ਜਾਣਦੇ ਹੋ ਬਾਬਾ ਸਾਨੂੰ ਰਾਈਟਿਅਸ ਬਣਾਉਂਦੇ ਹਨ। ਤੁਸੀਂ ਰਾਈਟਿਅਸ ਬਣਦੇ ਜਾਂਦੇ ਹੋ। ਵਿਕਾਰਾਂ ਨੂੰ ਅਣਰਾਈਟਸ ਕਿਹਾ ਜਾਂਦਾ ਹੈ। ਇਹ ਦੇਵਤਾ ਪਵਿੱਤਰ ਹਨ। ਲਾਈਟ ਵੀ ਪਵਿੱਤਰਤਾ ਦੀ ਵਿਖਾਈ ਹੈ। ਅਣਰਾਈਟਸ ਮਤਲਬ ਇਕ

ਵੀ ਕਦਮ ਠੀਕ ਨਹੀਂ। ਸ਼ਿਵਾਲਿਆ ਤੋਂ ਉਤਰ ਵੇਸ਼ਾਲਿਆ ਵਿੱਚ ਆ ਜਾਂਦੇ ਹਾਂ। ਇਹ ਗੱਲਾਂ ਨਵਾਂ ਕੋਈ ਸਮਝ ਨਾ ਸਕੇ। ਜਦੋ ਤੱਕ ਤੁਸੀਂ ਉਨ੍ਹਾਂ ਨੂੰ ਬਾਪ ਦਾ ਪਰਿਚੈ ਚੰਗੀ ਤਰ੍ਹਾਂ ਨਾ ਦੇਵੋ ਕਿ ਉਹ ਹਨ ਹੇਵਨਲੀ ਗੌਡ ਫ਼ਾਦਰ। ਹੈਵਨ ਅਤੇ ਹੈਲ ਦੋਵੇਂ ਅੱਖਰ ਹਨ। ਸੁੱਖ ਅਤੇ ਦੁੱਖ, ਸਵਰਗ ਅਤੇ ਨਰਕ। ਤੁਸੀਂ ਜਾਣਦੇ ਹੋ ਭਾਰਤ ਵਿੱਚ ਸੁੱਖ ਸੀ, ਹੁਣ ਦੁੱਖ ਹੈ, ਫਿਰ ਬਾਪ ਆ ਕੇ ਸੁੱਖ ਦਿੰਦੇ ਹਨ। ਹੁਣ ਦੁੱਖ ਦਾ ਸਮਾਂ ਖਤਮ ਹੋਣਾ ਹੈ। ਬਾਬਾ ਬੱਚਿਆਂ ਦੇ ਲਈ ਸੁੱਖ ਦੀ ਸੌਗਾਤ ਲੈ ਆਉਂਦੇ ਹਨ। ਸਭ ਨੂੰ ਹੀ ਸੁੱਖ ਦਿੰਦੇ ਹਨ ਤਾਂ ਹੀ ਤੇ ਸਭ ਉਨ੍ਹਾਂ ਦੀ ਬੰਦਗੀ ਕਰਦੇ ਹਨ। ਸੰਨਿਆਸੀ ਅਤੇ ਉਦਾਸੀ ਵੀ ਤਪੱਸਿਆ ਕਰਦੇ ਹਨ। ਉਨ੍ਹਾਂ ਨੂੰ ਵੀ ਕੋਈ ਨਾ ਕੋਈ ਆਸ ਜਰੂਰ ਰਹਿੰਦੀ ਹੈ। ਸਤਿਯੁਗ ਵਿੱਚ ਇਹੋ ਜਿਹੀ ਕੋਈ ਗੱਲ ਨਹੀਂ। ਉੱਥੇ ਹੋਰ ਕੋਈ ਧਰਮ ਵਾਲੇ ਹੁੰਦੇ ਨਹੀਂ। ਤੁਸੀਂ ਤੇ ਹੁਣ ਪੁਰਸ਼ਾਰਥ ਕਰ ਰਹੇ ਹੋ ਨਵੀ ਦੁਨੀਆਂ ਵਿੱਚ ਜਾਣ ਦਾ। ਜਾਣਦੇ ਹੋ ਉਹ ਹੈ ਸੁਖਧਾਮ, ਉਹ ਹੈ ਸ਼ਾਂਤੀਧਾਮ, ਇਹ ਹੈ ਦੁੱਖਧਾਮ। ਤੁਸੀਂ ਹੁਣ ਸੰਗਮ ਤੇ ਹੋ, ਉਤਮ ਬਣਨ ਦੇ ਲਈ ਪੁਰਸ਼ਾਰਥ ਕਰ ਰਹੇ ਹੋ। ਪੁਰਸ਼ਾਰਥ ਬਹੁਤ ਚੰਗੀ ਤਰ੍ਹਾਂ ਕਰਨਾ ਹੈ। ਪੜ੍ਹਾਈ ਤੋਂ ਕਦੇ ਰੁੱਸਣਾ ਨਹੀਂ ਹੈ। ਕਿਸੇ ਨਾਲ ਅਣਬਣ ਹੁੰਦੀ ਹੈ ਤਾਂ ਪੜ੍ਹਾਈ ਨਹੀਂ ਛੱਡਣੀ ਚਾਹੀਦੀ। ਪੜ੍ਹਾਈ ਨਾਲ ਲੜਨ - ਝਗੜਨ ਦਾ ਤਾਲੁਕ ਨਹੀਂ ਹੈ। ਪੜਾਂਗੇ ਲਿਖਾਂਗੇ ਹੋਵਾਂਗੇ ਨਵਾਬ... ਲੜਾਂਗੇ ਝਗੜ੍ਹਾਂਗੇ ਤਾਂ ਨਵਾਬ ਕਿਵੇਂ ਬਣਾਂਗੇ, ਫਿਰ ਤਮੋਪ੍ਰਧਾਨ ਚਲਣ ਹੋ ਜਾਂਦੀ ਹੈ। ਹਰੇਕ ਨੂੰ ਆਪਣੀ ਉੱਨਤੀ ਦਾ ਖ਼ਿਆਲ ਕਰਨਾ ਚਾਹੀਦਾ ਹੈ। ਬਾਪ ਕਹਿੰਦੇ ਹਨ, ਹੇ ਆਤਮਾਏਂ ਬਾਪ ਨੂੰ ਯਾਦ ਕਰੋ ਤਾਂ ਵਿਕਰਮ ਵਿਨਾਸ਼ ਹੋਣਗੇ ਅਤੇ ਦੈਵੀਗੁਣ ਵੀ ਧਾਰਨ ਹੋਣਗੇ। ਜੇਕਰ ਲਕਸ਼ਮੀ - ਨਰਾਇਣ ਵਰਗਾ ਬਣਨਾ ਹੈ ਤਾਂ ਬਾਪ ਨੇ ਹੀ ਉਨ੍ਹਾਂ ਨੂੰ ਇਵੇਂ ਦਾ ਬਣਾਇਆ। ਬਾਪ ਕਹਿੰਦੇ ਹਨ ਤੁਸੀਂ ਹੀ ਇਹ ਰਾਜ ਕਰਦੇ ਸੀ। ਹੁਣ ਫਿਰ ਤੁਸੀਂ ਹੀ ਬਣਨਾ ਹੈ। ਰਾਜਯੋਗ ਬਾਪ ਸੰਗਮ ਤੇ ਹੀ ਸਿਖਾਉਂਦੇ ਹਨ। ਤੁਸੀਂ ਕਲਪ-ਕਲਪ ਇਹ ਬਣਦੇ ਹੋ। ਇਵੇਂ ਨਹੀਂ ਕਿ ਸਦਾ ਕਲਯੁੱਗ ਹੀ ਚਲਦਾ ਰਹੇਗਾ। ਕਲਯੁੱਗ ਦੇ ਬਾਦ ਸਤਿਯੁਗ... ਇਹ ਚੱਕਰ ਫਿਰਦਾ ਹੈ ਜਰੂਰ। ਸਤਿਯੁਗ ਦੇ ਵਿਚ ਮਨੁੱਖ ਘੱਟ ਸਨ, ਹੁਣ ਫਿਰ ਜਰੂਰ ਘੱਟ ਹੋਣੇ ਚਾਹੀਦੇ। ਇਹ ਤਾਂ ਸਹਿਜ ਸਮਝਣ ਦੀਆਂ ਗੱਲਾਂ ਹਨ। ਬੀਤੀ ਹੋਈ ਕਹਾਣੀ ਸੁਣਾਉਂਦੇ ਹਨ, ਛੋਟੀ ਜਿਹੀ ਕਹਾਣੀ ਹੈ। ਅਸਲ ਵਿਚ ਹੈ ਵੱਡੀ ਪਰੰਤੂ ਸਮਝਣ ਵਿਚ ਛੋਟੀ ਹੈ। 84 ਜਨਮਾਂ ਦਾ ਰਾਜ਼ ਹੈ। ਤੁਹਾਨੂੰ ਵੀ ਪਹਿਲੇ ਪਤਾ ਨਹੀਂ ਸੀ। ਹੁਣ ਤੁਸੀਂ ਸਮਝਦੇ ਹੋ ਅਸੀਂ ਪੜ੍ਹ ਰਹੇ ਹਾਂ। ਇਹ ਹੈ ਸੰਗਮਯੁਗ ਦੀ ਪੜ੍ਹਾਈ। ਹੁਣ ਡਰਾਮੇ ਦਾ ਚੱਕਰ ਫਿਰ ਕੇ ਆਇਆ ਹੈ, ਫਿਰ ਸਤਿਯੁਗ ਤੋਂ ਲੈ ਕੇ ਸ਼ੁਰੂ ਹੋਵੇਗਾ। ਹੁਣ ਪੁਰਾਣੀ ਸ੍ਰਿਸ਼ਟੀ ਨੂੰ ਬਦਲਨਾ ਹੈ। ਕਲਯੁੱਗ ਜੰਗਲ ਦਾ ਵਿਨਾਸ਼ ਹੋਵੇਗਾ ਫਿਰ ਸਤਿਯੁਗੀ ਫੁੱਲਾਂ ਦਾ ਬਗੀਚਾ ਹੋਵੇਗਾ। ਫੁੱਲ ਦੈਵੀ ਗੁਣ ਵਾਲਿਆਂ ਨੂੰ ਕਿਹਾ ਜਾਂਦਾ ਹੈ, ਕੰਡਾ ਆਸੁਰੀ ਗੁਣ ਵਾਲਿਆਂ ਨੂੰ ਕਿਹਾ ਜਾਂਦਾ ਹੈ। ਆਪਣੇ ਆਪ ਨੂੰ ਦੇਖਣਾ ਮੇਰੇ ਵਿਚ ਕੋਈ ਅਵਗੁਣ ਤੇ ਨਹੀਂ ਹੈ। ਅਸੀਂ ਹੁਣ ਦੇਵਤਾ ਬਣਨ ਦੇ ਲਾਇਕ ਬਣ ਰਹੇ ਹਾਂ ਤਾਂ ਦੈਵੀ ਗੁਣ ਜਰੂਰ ਧਾਰਨ ਕਰਨੇ ਪੈਣਗੇ। ਬਾਪ ਟੀਚਰ ਸਤਿਗੁਰੂ ਬਣ ਕੇ ਆਉਂਦੇ ਹਨ ਤਾਂ ਚਲਣ ਜਰੂਰ ਸੁਧਾਰਣਾ ਪਵੇ। ਮਨੁੱਖ ਕਹਿੰਦੇ ਹਨ ਸਭ ਦਾ ਚਲਣ ਖਰਾਬ ਹੈ। ਲੇਕਿਨ ਚੰਗਾ ਕਰੈਕਟਰ ਕਿਸ ਨੂੰ ਕਿਹਾ ਜਾਂਦਾ ਹੈ- ਇਹ ਵੀ ਨਹੀਂ ਜਾਣਦੇ। ਤੁਸੀਂ ਸਮਝ ਸਕਦੇ ਹੋ ਇਨ੍ਹਾਂ ਦੇਵਤਾਵਾਂ ਦੇ ਕਰੈਕਟਰ ਚੰਗੇ ਸਨ ਨਾ। ਇਹ ਕਦੇ ਕਿਸੇ ਨੂੰ ਦੁੱਖ ਨਹੀ ਦਿੰਦੇ ਸਨ। ਕਿਸੇ ਦੀ ਚਲਣ ਚੰਗੀ ਹੁੰਦੀ ਹੈ ਤਾਂ ਕਹਿੰਦੇ ਹਨ ਇਹ ਤਾਂ ਜਿਵੇਂ ਦੇਵੀ ਹੈ ਇਨ੍ਹਾ ਦੇ ਬੋਲ ਕਿੰਨੇ ਮਿੱਠੇ ਹਨ। ਬਾਪ ਕਹਿੰਦੇ ਹਨ ਤੁਹਾਨੂੰ ਦੇਵਤਾ ਬਣਾਉਂਦਾ ਹਾਂ ਤਾਂ ਤੁਹਾਨੂੰ ਬਹੁਤ ਮਿੱਠਾ ਬਣਨਾ ਪਵੇ। ਦੈਵੀ

ਗੁਣ ਧਾਰਨ ਕਰਨੇ ਹਨ। ਜੋ ਜਿਵੇਂ ਦੇ ਹਨ ਉਵੇਂ ਦਾ ਹੀ ਬਣਾਉਣਗੇ। ਤੁਹਾਨੂੰ ਸਭ ਨੂੰ ਟੀਚਰ ਬਨਣਾ ਹੈ। ਟੀਚਰ ਦੇ ਬੱਚੇ ਟੀਚਰ। ਤੁਸੀਂ ਪਾਂਡਵ ਸੈਨਾ ਹੋ ਨਾ। ਪੰਡਿਆਂ ਦਾ ਕੰਮ ਹੈ ਸਭ ਨੂੰ ਰਸਤਾ ਦੱਸਣਾ। ਦੈਵੀਗੁਣ ਧਾਰਨ ਕਰਨੇ ਹਨ। ਗ੍ਰਹਿਸਤ ਵਿਵਹਾਰ ਵਿਚ ਵੀ ਰਹਿਣਾ ਹੈ। ਘਰ ਵਿੱਚ ਵੀ ਸਰਵਿਸ ਕਰ ਸਕਦੇ ਹੋ। ਜਿਹੜੇ ਆਉਣਗੇ ਪੜ੍ਹਾਉਂਦੇ ਰਹਿਣਗੇ, ਇਵੇਂ ਦੇ ਬਹੁਤ ਹਨ ਜੋ ਆਪਣੇ ਕੋਲ ਗੀਤਾ ਪਾਠਸ਼ਾਲਾ ਖੋਲ ਬਹੁਤਿਆਂ ਦੀ ਸਰਵਿਸ ਕਰਦੇ ਰਹਿੰਦੇ ਹਨ। ਇਵੇ ਨਹੀਂ ਕਿ ਇਥੇ ਆ ਕੇ ਬੈਠਣਾ ਹੈ। ਕੰਨਿਆਵਾਂ ਲਈ ਤਾਂ ਬਹੁਤ ਸਹਿਜ ਹੈ। ਮਹੀਨੇ ਦੋ ਚੱਕਰ ਲਗਾਇਆ ਤਾਂ ਫਿਰ ਗਏ ਘਰ। ਘਰ ਦਾ ਸੰਨਿਆਸ ਤਾਂ ਨਹੀਂ ਕਰਨਾ ਹੈ। ਤੁਹਾਨੂੰ ਘਰ ਤੋਂ ਬੁਲਾਵਾ ਆਉਂਦਾ ਹੈ, ਤਾ ਜਾਂਦੇ ਹੋ, ਤੁਹਾਨੂੰ ਮਨਾ ਨਹੀਂ ਹੈ। ਇਸ ਵਿੱਚ ਕੋਈ ਘਾਟੇ ਦੀ ਕਮੀ ਦੀ ਗੱਲ ਨਹੀਂ ਹੈ ਹੋਰ ਵੀ ਉਮੰਗ ਆਵੇਗਾ। ਅਸੀਂ ਵੀ ਹੁਣ ਹੁਸ਼ਿਆਰ ਹੋਏ ਹਾਂ। ਘਰ ਵਾਲਿਆਂ ਨੂੰ ਵੀ ਆਪ ਸਮਾਨ ਬਣਾ ਕੇ ਨਾਲ ਲੈ ਜਾਵਾਂਗੇ। ਇਵੇਂ ਦੇ ਬਹੁਤ ਹਨ ਜੋ ਘਰ ਵਿਚ ਰਹਿ ਕੇ ਵੀ ਸਰਵਿਸ ਕਰਦੇ ਹਨ ਤਾਂ ਹੁਸ਼ਿਆਰ ਹੋ ਜਾਂਦੇ ਹਨ।

ਬਾਪ ਮੁੱਖ ਗੱਲ ਸਮਝਾਉਂਦੇ ਹਨ ਕਿ ਆਪਣੇ ਨੂੰ ਆਤਮਾ ਸਮਝੋ ਅਤੇ ਮੈਨੂੰ ਬਾਪ ਨੂੰ ਯਾਦ ਕਰੋ। ਆਪਣੀ ਉੱਨਤੀ ਕਰਨੀ ਹੈ। ਘਰ ਵਿਚ ਰਹਿਣ ਵਾਲਿਆਂ ਦੀ ਇੱਥੇ ਰਹਿਣ ਵਾਲੀਆਂ ਨਾਲੋਂ ਵੀ ਚੰਗੀ ਉੱਨਤੀ ਹੋ ਸਕਦੀ ਹੈ। ਤੁਹਾਨੂੰ ਕਦੇ ਮਨਾ ਨਹੀਂ ਕੀਤਾ ਜਾਂਦਾ ਕਿ ਘਰ ਵਿਚ ਨਾ ਜਾਓ। ਉਨ੍ਹਾਂ ਦਾ ਵੀ ਕਲਿਆਣ ਕਰਨਾ ਹੈ। ਜਿਨ੍ਹਾਂ ਨੂੰ ਕਲਿਆਣ ਕਰਨ ਦੀ ਆਦਤ ਪੈ ਜਾਂਦੀ ਹੈ ਉਹ ਰਹਿ ਨਹੀਂ ਸਕਦੇ। ਗਿਆਨ ਅਤੇ ਯੋਗ ਪੂਰਾ ਹੈ ਤਾਂ ਕੋਈ ਵੀ ਬੇਇੱਜਤੀ ਨਹੀਂ ਕਰ ਸਕਦਾ। ਯੋਗ ਨਹੀਂ ਹੈ ਤਾਂ ਮਾਇਆ ਵੀ ਥੱਪੜ ਲਗਾਉਂਦੀ ਹੈ। ਤਾਂ ਘਰ ਗ੍ਰਿਹਸਤ ਵਿਚ ਰਹਿ ਕਮਲ ਫੁੱਲ ਵਾਂਗੂੰ ਪਵਿੱਤਰ ਜਰੂਰ ਬਣਨਾ ਹੈ। ਬਾਬਾ ਤਾਂ ਫ੍ਰੀਡਮ ਦਿੰਦੇ ਹਨ ਚਾਹੇ ਘਰ ਵਿਚ ਹੀ ਰਹੋ। ਸਾਰੇ ਇੱਥੇ ਆਕੇ ਕਿਵੇਂ ਰਹਿਣਗੇ। ਜਿੰਨੇ ਆਉਂਦੇ ਹਨ ਉਨ੍ਹਾਂ ਦੇ ਲਈ ਮਕਾਨ ਆਦਿ ਬਨਾਉਣੇ ਪੈਂਦੇ ਹਨ। ਕਲਪ ਪਹਿਲੋਂ ਜੋ ਹੋਇਆ ਉਹ ਰਪੀਟ ਹੁੰਦਾ ਰਹੇਗਾ। ਬੱਚੇ ਵੀ ਵੱਧਦੇ ਰਹਿਣਗੇ। ਡਰਾਮੇ ਬਿਨਾ ਕੁਝ ਹੋਣ ਵਾਲਾ ਨਹੀਂ ਹੈ। ਇਹ ਜੋ ਲੜਾਈਆਂ ਆਦਿ ਲਗਦੀਆਂ ਹਨ – ਇਤਨੇ ਮਨੁੱਖ ਜੋ ਮਰਦੇ ਹਨ, ਇਹ ਸਭ ਡਰਾਮੇ ਵਿੱਚ ਨੂੰਧਿਆ ਹੈ। ਜੋ ਪਾਸਟ ਹੋਇਆ ਉਹ ਫਿਰ ਹੋਵੇਗਾ। ਜੋ ਕਲਪ-ਕਲਪ ਸਮਝਾਇਆ ਹੈ ਉਹ ਹੁਣ ਵੀ ਸਮਝਾਵਾਂਗਾ। ਮਨੁੱਖ ਭਾਵੇਂ ਕੁਝ ਵੀ ਵਿਚਾਰ ਕਰਨ, ਮੈਂ ਤਾਂ ਉਹੀ ਪਾਰਟ ਵਜਾਵਾਂਗਾ, ਜੋ ਮੇਰਾ ਨੂੰਧਿਆ ਹੋਇਆ ਹੈ। ਡਰਾਮੇ ਵਿਚ ਵੱਧ ਘੱਟ ਹੋ ਨਹੀਂ ਸਕਦਾ। ਜੋ ਕਲਪ ਪਹਿਲੋਂ ਪੜ੍ਹੇ ਸਨ ਉਹ ਹੀ ਪੜ੍ਹਨਗੇ। ਹਰੇਕ ਦੀ ਚੱਲਣ ਤੋਂ

ਸਾਕਸ਼ਤਕਾਰ ਵੀ ਹੁੰਦਾ ਰਹਿੰਦਾ ਹੈ। ਇਹ ਕੀ ਪੜ੍ਹਦੇ ਹਨ, ਕੀ ਪਦ ਪਾਉਣਗੇ। ਚੰਗੀ ਸਰਵਿਸ ਕਰਦੇ ਹਨ, ਤਾਂ ਸਮਝੋ ਅਚਾਨਕ ਐਕਸੀਡੈਂਟ ਹੋ ਜਾਂਦਾ ਤਾਂ ਜਾਕੇ ਚੰਗੇ ਕੁਲ ਵਿਚ ਜਨਮ ਲੈਣਗੇ। ਬਹੁਤ ਸੁਖੀ ਰਹਿਣਗੇ ਜਿਨ੍ਹਾਂ ਸੁਖ ਬਹੁਤਿਆਂ ਨੂੰ ਦਿੱਤਾ ਹੈ ਉਨਾਂ ਉਨ੍ਹਾਂ ਨੂੰ ਵੀ ਮਿਲੇਗਾ। ਇਹ ਕਮਾਈ ਕਦੇ ਜਾਂਦੀ ਨਹੀਂ ਹੈ। ਸਤਿਯੁੱਗ ਵਿੱਚ ਤਾਂ ਜਿੱਥੇ ਜਿਤ ਉਥੇ ਜਨਮ ਹੋਵੇਗਾ। ਬਹੁਤਿਆਂ ਨੂੰ ਸੁਖ ਦਿੱਤਾ ਹੋਵੇਗਾ ਤਾਂ ਗੋਲਡਨ ਸਪੂਨ ਇਨ ਦਾ ਮਾਉਥ ਮਿਲੇਗਾ। ਉਸ ਨਾਲੋ ਘੱਟ ਤਾਂ ਸਿਲਵਰ, ਉਸ ਤੋਂ ਘੱਟ ਤਾਂ ਪਿੱਤਲ ਦਾ ਮਿਲੇਗਾ। ਸਮਝ ਵਿੱਚ ਤਾਂ ਆਉਂਦਾ ਹੈ ਨਾ। ਕਿੰਨਾ ਸਾਡਾ ਯੋਗ ਹੈ, ਰਾਜਾ ਰਾਣੀ ਪ੍ਰਜਾ ਸਭ ਬਣਨ ਵਾਲੇ ਹਨ। ਚੰਗੀ ਤਰ੍ਹਾਂ ਨਹੀਂ ਪੜ੍ਹਾਂਗੇ ਦੈਵੀਗੁਣ ਧਰਨ ਨਹੀਂ ਕਰਾਂਗੇ ਤਾਂ ਪਦਵੀ ਘੱਟ ਹੋ ਜਾਵੇਗੀ। ਚੰਗੇ ਜਾਂ ਬੁਰੇ ਕਰਮ ਜ਼ਰੂਰ ਸਾਮਣੇ ਆਉਂਦੇ ਹਨ। ਆਤਮਾ ਨੂੰ ਪਤਾ ਹੈ ਅਸੀਂ ਕਿਥੋਂ ਤੱਕ ਸਰਵਿਸ ਕਰ ਰਹੇ ਹਾਂ। ਜੇਕਰ ਹੁਣ ਸ਼ਰੀਰ ਛੁੱਟ ਜਾਵੇ ਤਾਂ ਕੀ ਪਦਵੀ ਪਾਵਾਂਗੇ। ਹਲੇ ਤੁਸੀਂ ਪੜ੍ਹ ਕੇ ਸੁਧਰ ਰਹੇ ਹੋ। ਕੋਈ ਤਾਂ ਵਿਗੜ੍ਹਦੇ ਵੀ ਹਨ ਅਤੇ ਕੋਈ ਕਹਿਣਗੇ ਇਨ੍ਹਾਂ ਦੀ ਤਕਦੀਰ ਵਿੱਚ ਨਹੀਂ ਹੈ। ਬਾਬਾ ਤਾਂ ਕਿੰਨਾ ਉੱਚ ਬਣਾਉਂਦੇ ਹਨ ਸਾਂਈ ਦੇ ਘਰ ਤੋਂ ਕੋਈ ਖ਼ਾਲੀ ਨਾ ਜਾਏ। ਹੁਣ ਸਾਂਈ ਤੁਹਾਡੇ ਸਾਮਣੇ ਹੈ। ਕਿਸੇ ਨੂੰ ਤੁਸੀਂ ਦੋ ਅੱਖਰ ਵੀ ਸੁਨਾਓ ਤਾਂ ਉਹ ਵੀ ਪ੍ਰਜਾ ਵਿੱਚ ਆਉਣਗੇ ਜ਼ਰੂਰ। ਦੇਵੀ - ਦੇਵਤਾ ਧਰਮ ਵਾਲੇ ਹੁਣ ਤੱਕ ਆਉਂਦੇ ਰਹਿੰਦੇ ਹਨ। ਪਰੰਤੂ ਹੁਣ ਪਤਿਤ ਹੋਣ ਦੇ ਕਾਰਣ ਆਪਣੇ ਨੂੰ ਹਿੰਦੂ ਕਹਾਉਂਦੇ ਹਨ। ਤੁਹਾਡੀ ਬੁੱਧੀ ਵਿੱਚ ਇਹ ਗਿਆਨ ਇਵੇਂ ਹੈ ਜਿਵੇਂ ਬਾਬਾ ਦੇ ਕੋਲ ਹੈ। ਬਾਪ ਗਿਆਨ ਦਾ ਸਾਗਰ ਹੈ। ਦਸਦੇ ਹਨ ਇਹ ਹਿਸਟਰੀ - ਜੋਗ੍ਰਾਫੀ ਕਿਵੇਂ ਰਪੀਟ ਹੁੰਦੀ ਹੈ। ਟੀਚਰ ਵੀ ਸਟੂਡੈਂਟਸ ਦੀ ਪੜ੍ਹਾਈ ਤੋਂ ਜਾਣ ਜਾਂਦੇ ਹਨ ਕਿ ਇਹ ਕਿੰਨੇ ਨੰਬਰਾਂ ਨਾਲ ਪਾਸ ਹੋਣਗੇ। ਹਰੇਕ ਖ਼ੁੱਦ ਵੀ ਜਾਣਦੇ ਹਨ। ਕੋਈ ਦੈਵੀਗੁਣਾਂ ਵਿੱਚ ਕੱਚੇ ਹਨ, ਕੋਈ ਯੋਗ ਵਿੱਚ ਕੱਚੇ ਹਨ, ਕੋਈ ਗਿਆਨ ਵਿੱਚ ਕੱਚੇ ਹਨ। ਕੱਚੇ ਹੋਣ ਨਾਲ ਨਾ ਪਾਸ ਹੋ ਜਾਣ ਗੇ। ਇਵੇਂ ਵੀ ਨਹੀਂ ਅੱਜ ਕੱਚੇ ਹਨ, ਕਲ ਪੱਕੇ ਨਹੀਂ ਹੋ ਸਕਦੇ। ਗੈਲਪ ਕਰਦੇ ਰਹਿਣਗੇ। ਖ਼ੁੱਦ ਵੀ ਫੀਲ ਕਰਦੇ ਹਨ ਅਸੀਂ ਇਥੋਂ ਉੱਥੋਂ ਫੇਲ ਹੋਕੇ ਆਉਂਦੇ ਹਾਂ। ਫਲਾਣੇ ਸਾਡੇ ਤੋਂ ਹੁਸ਼ਿਆਰ ਹਨ। ਸਿੱਖ ਕੇ ਹੁਸ਼ਿਆਰ ਵੀ ਹੋ ਸਕਦੇ ਹਨ। ਜੇਕਰ ਦੇਹ - ਅਭਿਮਾਨ ਹੋਵੇਗਾ ਤਾਂ ਫਿਰ ਕੀ ਸਿੱਖ ਸਕਣਗੇ। ਮੈਂ ਆਤਮਾ ਹਾਂ ਇਹ ਤਾਂ ਇਕਦਮ ਪੱਕਾ ਕਰ ਦੋ। ਬਾਪ ਨੇ ਸਮ੍ਰਿਤੀ ਦਵਾਈ ਹੈ। ਬਾਪ ਕਹਿੰਦੇ ਹਨ ਮੈਨੂੰ ਯਾਦ ਕਰੋ ਤਾਂ ਵਿਕਰਮ ਵਿਨਾਸ਼ ਹੋਣਗੇ, ਫਿਰ ਦੈਵੀਗੁਣ ਧਰਨ ਹੋਣਗੇ। ਆਪਣੀ ਨਬਜ਼ ਦੇਖਣੀ ਹੈ ਕਿ ਮੈਂ ਕਿੱਥੋਂ ਤੱਕ ਲਾਇਕ ਬਣਿਆ ਹਾਂ?

ਤੁਸੀਂ ਅਜੇ ਸ੍ਰਿਸ਼ਟੀ ਦੇ ਆਦਿ ਮਧਿਆ ਅੰਤ ਦਾ ਗਿਆਨ ਲੈ ਰਹੇ ਹੋ। ਇਹ ਰਾਜਯੋਗ ਦੀ ਨਾਲੇਜ਼ ਸਿਵਾਏ ਬਾਪ ਦੇ ਕੋਈ ਸਿਖਾ ਨਹੀਂ ਸਕਦਾ। ਬੱਚੇ ਸਿੱਖਦੇ ਜਾਂਦੇ ਹਨ। ਬੱਚੇ ਪੁੱਛਦੇ ਹਨ ਸਾਡੇ ਕੁਲ ਦੇ ਬ੍ਰਾਹਮਣ ਕਿੰਨੇ ਹਨ? ਇਹ ਪੂਰਾ ਪਤਾ ਕਿਵੇਂ ਪਵੇ। ਆਉਂਦੇ ਜਾਂਦੇ ਰਹਿੰਦੇ ਹਨ। ਹੁਣ ਨਵੇਂ-ਨਵੇਂ ਵੀ ਨਿਕਲਦੇ ਰਹਿੰਦੇ ਹਨ। ,ਅੱਛਾ !

ਮਿੱਠੇ-ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਆਪਣਾ ਦੈਵੀ ਕਰੈਕਟਰ ਬਣਾਉਣਾ ਹੈ, ਦੈਵੀਗੁਣ ਧਾਰਨ ਕਰ ਆਪਣਾ ਅਤੇ ਦੂਸਰਿਆਂ ਦਾ ਕਲਿਆਣ ਕਰਨਾ ਹੈ। ਸਭ ਨੂੰ ਸੁੱਖ ਦੇਣਾ ਹੈ।

2. ਸਤੋਪ੍ਰਧਾਨ ਬਣਨ ਦੇ ਲਈ ਬੁੱਧੀ ਇਕ ਬਾਪ ਨਾਲ ਲਗਾਉਣੀ ਹੈ। ਬੁੱਧੀ ਨੂੰ ਭਟਕਾਉਣਾ ਨਹੀਂ ਹੈ। ਬਾਪ ਸਮਾਨ ਟੀਚਰ ਬਣ ਸਬ ਨੂੰ ਰਸਤਾ ਦੱਸਨਾ ਹੈ।

ਵਰਦਾਨ:- ਚਲਦੇ - ਫਿਰਦੇ ਆਪਣੇ ਦਵਾਰਾ ਅਸ਼ਟ ਸ਼ਕਤੀਆਂ ਦੀਆਂ ਕਿਰਨਾਂ ਦਾ ਅਨੁਭਵ ਕਰਾਉਣ ਵਾਲੇ ਫਰਿਸ਼ਤਾ ਰੂਪ ਭਵ। ਜੋ ਬਹੁਤ ਕੀਮਤੀ ਮੁੱਲਵਾਨ ਬੇਦਾਗ ਡਾਇਮੰਡ ਹੁੰਦਾ ਹੈ ਉਸ ਨੂੰ ਲਾਈਟ ਦੇ ਅੱਗੇ ਰੱਖੋ ਤਾਂ ਵੱਖ - ਵੱਖ ਰੰਗ ਵਿਖਾਈ ਦਿੰਦੇ ਹਨ। ਇਵੇਂ ਜਦੋਂ ਤੁਸੀਂ ਫਰਿਸ਼ਤਾ ਰੂਪ ਬਣੋਗੇ ਤਾਂ ਤੁਹਾਡੇ ਦਵਾਰਾ ਚਲਦੇ - ਫਿਰਦੇ ਅਸ਼ਟ ਸ਼ਕਤੀਆਂ ਦੇ ਕਿਰਨਾਂ ਦੀ ਅਨੁਭੂਤੀ ਹੋਵੇਗੀ। ਕਿਸੇ ਨੂੰ ਤੁਹਾਡੇ ਤੋਂ ਸਹਿਣਸ਼ਕਤੀ ਦੀ ਫੀਲਿੰਗ ਆਵੇਗੀ, ਕਿਸੇ ਨੂੰ ਨਿਰਣੇ ਕਰਨ ਦੀ ਸ਼ਕਤੀ ਦੀ ਫੀਲਿੰਗ ਆਵੇਗੀ, ਕਿਸੇ ਤੋਂ ਕੀ, ਕਿਸੇ ਤੋਂ ਕੀ ਸ਼ਕਤੀਆਂ ਦੀ ਫੀਲਿੰਗ ਆਵੇਗੀ।

ਸਲੋਗਨ:- ਪ੍ਰਤੱਖ ਪ੍ਰਮਾਣ ਉਹ ਹੈ ਜਿਸ ਦਾ ਹਰ ਕਰਮ ਸਰਵ ਨੂੰ ਪ੍ਰੇਰਨਾ ਦੇਣ ਵਾਲਾ ਹੈ।

******

ਜਨਵਰੀ **2024** ਅਵਿਅਕਤ ਮਹੀਨੇ ਦੇ ਲਈ ਵਿਸ਼ੇਸ਼ ਪੁਰਸ਼ਾਰਥ ਦੇ ਪੁਆਇੰਟਸ

ਇਸ ਜਨਵਰੀ ਮਹੀਨੇ ਵਿੱਚ ਵਿਸ਼ੇਸ਼ ਸਾਈਲੈਂਸ ਦੀ ਅਨੁਭੂਤੀ ਕਰਨ ਅਤੇ ਬ੍ਰਹਮਾ ਬਾਪ ਸਮਾਨ ਡਬਲ ਲਾਈਟ ਫਰਿਸ਼ਤਾ ਬਣਨ ਦੇ ਲਈ ਪੁਰਸ਼ਾਰਥ ਦੇ ਪੁਆਇੰਟਸ ਮੁਰਲੀ ਦੇ ਹੇਠਾਂ ਲਿਖ ਰਹੇ ਹਾਂ। ਇਹ ਹੀ ਪੁਆਇੰਟਸ ਜਨਵਰੀ ਮਹੀਨੇ ਦੇ ਪਤ੍ਰ - ਪੁਸ਼ਪ ਵਿੱਚ ਵੀ ਰਹਿਣਗੇ। ਕ੍ਰਿਪਾ ਕਰਕੇ ਸਾਰੇ ਬ੍ਰਹਮਾ ਵਤਸ ਇਸੇ ਅਨੁਸਾਰ ਅਟੇਂਸ਼ਨ ਰੱਖ ਰੋਜ ਇਕਾਂਤ ਵਿਚ ਬੈਠ ਘਟ ਤੋਂ ਘਟ ਦਸ ਮਿੰਟ

ਅਵਿਅਕਤ ਸਾਇਲੇਂਸ ਦਾ ਅਨੁਭਵ ਜਰੂਰ ਕਰਨ ਅਤੇ ਪੂਰਾ ਹੀ ਦਿਨ ਡਬਲ ਲਾਈਟ ਫਰਿਸ਼ਤਾ ਸਥਿਤੀ ਵਿਚ ਰਹਿ ਆਪਣੇ ਸ੍ਰੇਸ਼ਠ ਸੰਕਲਪਾਂ ਦਵਾਰਾ ਇਸ਼ਾਰਿਆਂ ਨਾਲ ਕਾਰੋਬਰ ਕਰਕੇ ਆਪਣੇ ਸੇਵਾ ਸਥਾਨਾਂ ਨੂੰ ਸੂਖਸ਼ਮ ਬਨਾਉਣ, ਵਿੱਚ - ਵਿੱਚ ਦੀ ਆਪਸ ਵਿੱਚ ਮਿਲ ਕੇ ਇਨ੍ਹਾਂ ਪੁਆਇੰਟਸ ਤੇ ਗਹਿਰੀ ਰੂਹ - ਰਿਹਾਨ ਕਰਦੇ ਹੋਏ ਅਨੁਭਵਾਂ ਦੀ ਲੈਣ - ਦੇਣ ਵੀ ਕਰਨ। ਸਾਡੀ ਸਭ ਦੀ ਇਹ ਡਬਲ ਲਾਈਟ ਸਥਿਤੀ ਅਤੇ ਸਾਇਲੇਂਸ ਦੀ ਗਹਿਰੀ ਅਨੁਭੂਤੀ ਹੀ ਪਰਮਾਤਮ ਪ੍ਰਤਖ਼ਤਾ ਦੇ ਨਿਮਿਤ ਬਣੇਗੀ।

ਅਵਿਅਕਤ ਸਾਇਲੇਂਸ ਦਵਾਰਾ ਡਬਲ ਲਾਈਟ ਫਰਿਸ਼ਤਾ ਸਥਿਤੀ ਦਾ ਅਨੁਭਵ ਕਰੋ।

ਸੰਗਮਯੁਗ ਦੀ ਵਿਸ਼ੇਸ਼ ਸ਼ਕਤੀ ਸਾਇਲੇਂਸ ਦੀ ਸ਼ਕਤੀ ਹੈ, ਸਾਇਲੇਂਸ ਵਿੱਚ ਰਹਿਣ ਨਾਲ ਡਬਲ ਲਾਈਟ ਫਰਿਸ਼ਤਾ ਸਥਿਤੀ ਸਹਿਜ ਬਣ ਜਾਂਦੀ ਹੈ। ਇਸ ਸਥਿਤੀ ਵਿਚ ਕਿਸੇ ਵੀ ਕੰਮ ਦਾ ਬੋਝ ਨਹੀਂ ਰਹਿੰਦਾ, ਇਸ ਦੇ ਲਈ ਕਰਮ ਕਰਦੇ ਵਿੱਚ - ਵਿੱਚ ਦੀ ਨਿਰਾਕਾਰੀ ਅਤੇ ਫਰਿਸ਼ਤਾ ਸਵਰੂਪ ਦੀ ਡ੍ਰਿੱਲ ਕਰਦੇ ਰਹੋ। ਜਿਵੇਂ ਬ੍ਰਹਮਾ ਬਾਪ ਨੂੰ ਸਾਕਾਰ ਰੂਪ ਵਿਚ ਵੇਖਿਆ, ਸਦਾ ਡਬਲ ਲਾਈਟ ਰਹੇ। ਸਾਇਲੇਂਸ ਦੀ ਸਥਿਤੀ ਦਵਾਰਾ ਸੈਕਿੰਡ ਵਿੱਚ ਬੱਚਿਆਂ ਨੂੰ ਨਜ਼ਰ ਨਾਲ ਨਿਹਾਲ ਕੀਤਾ। ਇਵੇਂ ਫਾਲੋ ਫਾਦਰ ਕਰੋ ਤਾਂ ਸਹਿਜ ਹੀ ਬਾਪ ਸਮਾਨ ਬਣ ਜਾਵੋਗੇ।